# BBC LEARNING ENGLISH
# **Essential English Conversation**
## ਨਵੇਂ ਲੋਕਾਂ ਨੂੰ ਮਿਲੀਏ:
## ਤੁਹਾਡਾ ਫ਼ੋਨ ਨੰਬਰ ਕੀ ਹੈ ?

ਹੈਲੋ, **Essential English Conversation** (ਅਸੈਂਸ਼ੀਅਲ ਇੰਗਲਿਸ਼ ਕਨਵਰਸੇਸ਼ਨ) ਵਿੱਚ ਤੁਹਾਡਾ ਸਵਾਗਤ ਹੈ। ਮੈਂ ਰਾਜਵੀਰ ਤੇ ਤੁਹਾਡੇ ਲਈ ਲਿਆਈਂ ਹਾਂ ਰੋਜ਼ਾਨਾ ਵਰਤੋਂ ਦੀ ਇੰਗਲਿਸ਼ ਭਾਸ਼ਾ ਨਾਲ ਜੁੜੀਆਂ ਕੁਝ ਅਹਿਮ ਗੱਲਾਂ। ਇਸ ਐਪੀਸੋਡ ਵਿੱਚ ਤੁਸੀਂ ਸਿੱਖੋਗੇ, ਕਿਸੇ ਨੂੰ ਆਪਣਾ ਫ਼ੋਨ ਨੰਬਰ ਕਿਵੇਂ ਦੱਸੀਏ। ਇਸਦੇ ਨਾਲ ਹੀ ਤੁਸੀਂ ਸਿੱਖ ਜਾਵੋਗੇ 1 ਤੋਂ 9 ਤੱਕ ਦੀ ਗਿਣਤੀ।

**Insert**
1
2
3

ਚਲੋ ਹੁਣ, 4 ਤੋਂ 6 ਤੱਕ ਦੀ ਕੋਸ਼ਿਸ਼ ਕਰੀਏ।

**Insert**
4
5
6

ਅੱਗੇ 7 ਤੋਂ 9 ਸਿੱਖਦੇ ਹਾਂ।

7
8
9

ਤੁਹਾਨੂੰ ਜ਼ੀਰੋ, '0' ਕਹਿਣਾ ਵੀ ਸਿੱਖਣਾ ਪਵੇਗਾ। ਇੰਗਲਿਸ਼ ਵਿੱਚ ਅਸੀਂ ਜ਼ੀਰੋ ਕਹਿੰਦੇ ਹਾਂ ਪਰ ਫ਼ੋਨ ਨੰਬਰ ਦੱਸਣ ਲੱਗਿਆਂ ਅਕਸਰ ਲੋਕ 'oh' ਵੀ ਕਹਿੰਦੇ ਹਨ।

**Insert**
*0*


© British Broadcasting Corporation 2017

ਜੇ ਕਿਤੇ ਇਕੋ ਨੰਬਰ ਦੁਬਾਰਾ ਆ ਰਿਹਾ ਹੋਵੇ ਤਾਂ ਅਸੀਂ ਆਮਤੌਰ ’ਤੇ ਡਬਲ 'double' ਸ਼ਬਦ ਦਾ ਇਸਤੇਮਾਲ ਕਰਦੇ ਹਾਂ। ਜਿਵੇਂ ‘5 5’ ਹੋਵੇ।

*Double 5*
ਚਲੋ ਹੁਣ ਦੋ ਲੋਕਾਂ ਨੂੰ ਸੁਣਦੇ ਹਾਂ ਜੋ ਇੱਕ ਦੂਜੇ ਤੋਂ ਫ਼ੋਨ ਨੰਬਰ ਪੁੱਛ ਰਹੇ ਹਨ।

***Liz***
*Hi Justin, What’s your phone number?*

***Justin***
*It’s 02079460558.*

***Liz***
*Thanks!*

ਜੇ ਥੋੜ੍ਹਾ ਔਖਾ ਵੀ ਲੱਗਿਆ ਤਾਂ ਫ਼ਿਕਰ ਨਾ ਕਰੋ। ਆਪਾਂ ਇਸੇ ਗੱਲਬਾਤ ਨੂੰ ਅਭਿਆਸ ਲਈ ਛੋਟੇ ਹਿੱਸਿਆਂ ਵਿੱਚ ਤੋੜਦੇ ਹਾਂ। ਪਹਿਲੇ ਵਕਤਾ ਨੇ ਦੂਸਰੇ ਨੂੰ ਪੁੱਛਿਆ ‘ਤੁਹਾਡਾ ਫ਼ੋਨ ਨੰਬਰ ਕੀ ਹੈ?’ ‘What’s your phone number?’ ਇਹ ਪ੍ਰਸ਼ਨ ਅਸੀਂ ਇੰਗਲਿਸ਼ ਵਿੱਚ ਲੋਕਾਂ ਨੂੰ ਉਹਨਾਂ ਦਾ ਫ਼ੋਨ ਨੰਬਰ ਪੁੱਛਣ ਲਈ ਵਰਤਦੇ ਹਾਂ। ਹੁਣ ਸੁਣੋ ਤੇ ਵਾਕ ਨੂੰ ਦਹੁਰਾਓ।

*What’s your phone number?*

ਦੂਸਰੇ ਵਕਤਾ ਨੂੰ ਸੁਣੋ ਜੋ ਆਪਣਾ ਫ਼ੋਨ ਨੰਬਰ ਦੁਬਾਰਾ ਦੱਸ ਰਿਹਾ ਹੈ। ਤੁਸੀਂ ਵੀ ਕੋਸ਼ਿਸ਼ ਕਰੋ ਅਤੇ ਜਿਹੜਾ ਨੰਬਰ ਤੁਸੀਂ ਸੁਣਿਆ ਉਸਨੂੰ ਲਿਖੋ।

*It's 020 7946 0558*

ਬਿਲਕੁਲ ਠੀਕ, ਤਾਂ ਤੁਸੀਂ ਫ਼ੋਨ ਨੰਬਰ 020 7946 0558 ਲਿਖਿਆ ਹੋਵੇਗਾ। ਪਹਿਲੇ ਵਕਤਾ ਨੇ ਦੂਸਰੇ ਦਾ ਫ਼ੋਨ ਨੰਬਰ ਦੱਸਣ ਲਈ ਧੰਨਵਾਦ *‘Thanks!’* ਕੀਤਾ। ਸੁਣੋ ਅਤੇ ਦਹੁਰਾਓ।

*Thanks!*

ਸ਼ਾਬਾਸ਼! ਚਲੋ ਚੈੱਕ ਕਰਦੇ ਹਾਂ ਤੁਸੀਂ ਕੀ ਕਿਹਾ, ਸੁਣਦੇ ਹਾਂ ਕੁਝ ਅਲੱਗ ਅਲੱਗ ਲੋਕਾਂ ਨੂੰ ਜੋ ਇੱਕ ਦੂਸਰੇ ਤੋਂ ਫ਼ੋਨ ਨੰਬਰ ਬਾਰੇ ਪੁੱਛ ਰਹੇ ਹਨ।

*Hi Mark, what’s your phone number?*
*It’s 0113 496 0752*
*Thanks!*


© British Broadcasting Corporation 2017

*Hi Claire, what's your phone number?*
*It's 028 9649 6671*
*Thanks!*

ਬਿਲਕੁਲ ਠੀਕ। ਚਲੋ ਦੇਖਦੇ ਹਾਂ ਤੁਸੀਂ ਇੰਗਲਿਸ਼ ਵਿੱਚ ਵਾਕਾਂ ਨੂੰ ਕਿੰਨੀ ਕੁ ਚੰਗੀ ਤਰਾਂ ਯਾਦ ਰੱਖਿਆ। ਆਪਾਂ ਹਰ ਭਾਗ ਨੂੰ ਪੰਜਾਬੀ ਵਿੱਚ ਸੁਣਦੇ ਹਾਂ ਅਤੇ ਨਾਲ ਹੀ ਇੰਗਲਿਸ਼ ਵਿੱਚ ਬੋਲਕੇ ਦੇਖਦੇ ਹਾਂ।

ਹੈਲੋ ਜਸਟਿਨ, ਤੁਹਾਡਾ ਫ਼ੋਨ ਨੰਬਰ ਕੀ ਹੈ?
*Hi Justin, What's your phone number?*

ਇਹ 020 ਹੈ।

*It's 020...*
*…794…*
*…60…*
*…558.*

ਧੰਨਵਾਦ
*Thanks!*

ਸ਼ਾਬਾਸ਼! ਤਾਂ ਹੁਣ ਤੁਸੀਂ ਜਾਣਦੇ ਹੋ ਇੰਗਲਿਸ਼ ਵਿੱਚ ਆਪਣਾ ਫ਼ੋਨ ਨੰਬਰ ਕਿਵੇਂ ਦੱਸਣਾ ਹੈ। ਪਹਿਲੇ ਵਕਤਾ ਦੇ ਸਵਾਲਾਂ ਦਾ ਜਵਾਬ ਦੇ ਕੇ ਅਭਿਆਸ ਕਰੋ।

*Hi, what's your phone number?*

*Thanks!*

ਬਹੁਤ ਖ਼ੂਬ। ਹੁਣ ਸਾਰੀ ਗੱਲਬਾਤ ਨੂੰ ਦੁਬਾਰਾ ਸੁਣੋ ਤੇ ਆਪਣੇ ਜੁਆਬ ਚੈਕ ਕਰੋ।

***Liz***
*Hi Justin, What's your phone number?*

***Justin***
*It's 020 7946 0558.*

***Liz***
*Thanks!*


© British Broadcasting Corporation 2017

ਬਹੁਤ ਅੱਛਾ! ਹੁਣ ਤੁਸੀਂ ਇੰਗਲਿਸ਼ ਵਿੱਚ ਆਪਣਾ ਫ਼ੋਨ ਨੰਬਰ ਦੱਸ ਸਕਦੇ ਹੋ ਤੇ ਹੋਰ ਲੋਕਾਂ ਤੋਂ ਉਹਨਾਂ ਦਾ ਨੰਬਰ ਪੁੱਛ ਵੀ ਸਕਦੇ ਹੋ। ਜੋ ਵੀ ਸਿੱਖਿਆ ਉਸਨੂੰ ਦਹੁਰਾਉਣਾ ਜ਼ਰੂਰ ਯਾਦ ਰੱਖਣਾ। ਇੱਕ ਚੰਗਾ ਦੋਸਤ ਲੱਭੋ ਤੇ ਉਸਨੂੰ ਇੰਗਲਿਸ਼ ਵਿੱਚ ਆਪਣਾ ਫ਼ੋਨ ਨੰਬਰ ਦੱਸੋ ਅਤੇ ਨਾਲ ਹੀ ਉਸਦਾ ਪੁੱਛੋ ਵੀ। ਫ਼ੇਰ ਮਿਲਦੇ ਹਾਂ ਰੋਜ਼ਾਨਾ ਬੋਲਚਾਲ ਦੀ ਇੰਗਲਿਸ਼ ਭਾਸ਼ਾ ਸਿੱਖਣ ਵਾਸਤੇ। ਬਾਏ।


© British Broadcasting Corporation 2017